UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਖਰੂ

ਜਨਵਰੀ-ਮਾਰਚ 2023



RNI : JKPUN/2002/6333

UGC Care List

ISSN : 2456 - 253X

# ਆਬਰੂ

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

ਸਾਲ : 22 ਅੰਕ : 1 - 3

ਜਨਵਰੀ-ਮਾਰਚ 2023

ਸੰਪਾਦਕ

ਬਲਜੀਤ ਸਿੰਘ ਰੈਨਾ

ਮੋਬਾ : 97976-57211

ਸੰਪਾਦਕ ਮੰਡਲ

ਡਾ. ਮਨੋਜੀਤ

ਮੋਬਾ : 94191-39906

ਦੇਵਿੰਦਰ ਸਿੰਘ ਵਿਸ਼ਵਨਾਗਰਿਕ

ਮੋਬਾ : 95966-52796

ਜੰਗ ਐਸ. ਵਰਮਨ

ਮੋਬਾ : 94192-10834

ਸਹਾਇਕ ਸੰਪਾਦਕ

ਡਾ. ਮਮਤਾ

ਮੋਬਾ : 92892-87778

ਡਾ. ਰਾਜਵੀਰ ਸਿੰਘ

ਮੋਬਾ : 84920-05225

ਡਾ. ਗੁਰਪ੍ਰੀਤ ਕੌਰ

ਮੋਬਾ : 99060-03940

ਸਲਾਹਕਾਰ

ਡਾ. ਪ੍ਰੀਤਮ ਸਿੰਘ

ਮੋਬਾ : 88030-83825

ਕਨੇਡਾ ਪ੍ਰਤੀਨਿਧ

ਡਾ. ਅਰਵਿੰਦਰ ਕੌਰ

ਮੋਬਾ : +1 416-450-0554

ਈਮੇਲ : baljeetraina58@gmail.com

ਟਾਈਟਲ ਪੇਂਟਿੰਗ : ਜੰਗ ਐਸ. ਵਰਮਨ

ਮੁੱਲ : ਇਕ ਕਾਪੀ 150 ਰੁਪਏ

ਦੇਸ਼ ਸਲਾਨਾ : 600 ਰੁਪਏ

ਜੀਵਨਸਾਥ : 10,000 ਰੁਪਏ

ਵਿਦੇਸ਼ ਸਲਾਨਾ : 50 ਡਾਲਰ, 25 ਪੌਂਡ

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

## ਤਰਤੀਬ

ਸੰਪਾਦਕੀ : ਮਸਲਾ ਪੰਜਾਬੀ ਲੇਖਕ ਸਭਾ (ਰਜਿ.) ਜੰਮੂ ਦੇ ਭਵਨ ਦਾ/ਡਾ. ਮਨੋਜੀਤ/2

ਖੋਜ ਪੱਤਰ : ਜਰਨੈਲ ਸਿੰਘ ਨਿਰਮਲ ਦਾਂ ਕਾਵਿ-ਸੰਗ੍ਰਹਿ.../ਡਾ. ਸਤਿੰਦਰ ਚੰਚਲ ਰਾਏ/4

: ਹਰਿਭਜਨ ਸਿੰਘ ਰਚਿਤ ਮਿਸ਼ਰਤ ਕਾਵਿ ਸਿਰਜਨਾ/ਡਾ. ਇੰਦਰਜੀਤ ਕੌਰ/7

: ਪ੍ਰੋ. ਸੁਹਿੰਦਰ ਬੀਰ ਦੀ.../ਮਨਦੀਪ ਕੌਰ, ਸਹਾਇਕ ਪ੍ਰੋਫੈਸਰ : ਡਾ. ਜੋਤੀ ਸ਼ਰਮਾ/10

: ਸਾਹਿਤ ਦੀ ਤੁਲਨਾਤਮਿਕ ਅਧਿਐਨ ਵਿਧੀ/ਡਾ. ਹਰਜਿੰਦਰ ਸਿੰਘ/12

: ਅਜਮੇਰ ਔਲਖ ਦੀਆਂ ਨਾਟ-ਰਚਨਾਵਾਂ ਵਿੱਚ.../ਮਨਦੀਪ ਸਿੰਘ/16

: ਹਸਰਤ : ਨਾਰੀ ਦੀ ਮੂਕ ਬਗ਼ਾਵਤ/ਡਾ. ਧਰਮਿੰਦਰ ਸਿੰਘ/19

: ਸਮਾਜਿਕ ਚੇਤਨਾ ਦੀ ਝਲਕ : ਨਾਟਕ 'ਰਿਸ਼ਤੇ'/ਡਾ. ਹਰਦੇਵ ਸਿੰਘ/23

: ਮਨਮੋਹਨ ਬਾਵਾ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ.../ਅਮਨਦੀਪ ਕੌਰ/26

: ਪਰਵਾਸ ਤੇ ਇੱਛਾ/ਗੁਰਮਿੰਦਰ ਕੌਰ/28

: ਹਰਪ੍ਰੀਤ ਸੇਖਾ ਦੇ ਨਾਵਲ 'ਹਨੇਰੇ ਰਾਹ'.../ਲਵਜੋਤ, ਗਾਈਡ : ਡਾ. ਯਾਦਵਿੰਦਰ ਕੌਰ/30

: ਸ਼੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ.../ਹਰਪ੍ਰੀਤ ਕੌਰ, ਗਾਈਡ : ਡਾ. ਸੋਨਾ/33

: ਜੁਝਾਰਵਾਦੀ ਕਾਵਿ ਲਹਿਰ ਦਾ ਚਮਕਦਾ ਤਾਰਾ.../ਜਗਜੀਤ ਸਿੰਘ/36

: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ.../ਗੁਰਨੀਤ ਕੌਰ, ਅਮਨਦੀਪ, ਪਾਰਨ ਗੌੜਾ/38

: ਸਾਕੇਦਾਰੀ ਦਾਦਕੇ ਅਤੇ ਨਾਨਕੇ: ਬਦਲਦੇ ਪਰਿਪੇਖ/ਕੇਵਲ ਕ੍ਰਿਸ਼ਨ/41

: ਵੀਨਾ ਵਰਮਾ ਦੀ ਕਹਾਣੀ 'ਤੇ ਹੋਏ.../ਵੀਨੂੰ ਵਰਮਾ/44

: ਬਹੁਅਰਥਕਤਾ ਅਤੇ ਸੰਦਰਭ ਵਿੱਚ ਪਰਸਪਰ.../ਡਾ. ਹਰਵਿੰਦਰ ਪਾਲ ਕੌਰ, ਰਜਨੀ/49

: 'ਸਿਦਕ ਸਵਾਸਾਂ ਸੰਗ' ਗ਼ਜ਼ਲ-ਸੰਗ੍ਰਹਿ ਵਿੱਚ.../ਡਾ. ਮਨਜੀਤ ਕੌਰ 'ਆਜ਼ਾਦ'/54

: ਗੁਰੂ ਤੇਗ ਬਹਾਦਰ ਬਾਣੀ : ਸੁਰ ਵੈਰਾਗੀ ਵਿਸ਼ਾ ਆਸ਼ਾਵਾਦੀ/ਡਾ. ਰਜਵਿੰਦਰ ਕੌਰ/58

: ਘੁੰਗਰੂ ਕਥਾ : ਹਾਸ਼ੀਏ ਤੋਂ ਪਾਰ ਵਿਚਰਦੇ.../ਡਾ. ਸੁਨੀਤਾ ਰਾਣੀ/60

: ਬਹੁ ਪਾਸਾਰੀ ਮਾਨਵੀ ਸੰਵੇਦਨਾ ਦਾ ਚਤੇਰਾ.../ਡਾ. ਕਿਰਨ ਗਰਗ/63

: ਵਿਧਵਾਵਾਂ ਦਾ ਜੀਵਨ/ਅੰਮ੍ਰਿਤਪਾਲ ਕੌਰ, ਨਿਗਰਾਨ-ਡਾ. ਨਵਸ਼ਗਨਦੀਪ ਕੌਰ/66

: ਡਾ. ਸੁਰਿੰਦਰ ਸਿੰਘ ਦੁਸਾਂਝ ਦੀ ਨਾਵਲ਼ ਅਧਿਐਨ ਦ੍ਰਿਸ਼ਟੀ/ਕੰਵਲਜੀਤ ਸਿੰਘ/68

: 2020 ਦੇ ਕਿਸਾਨ ਅੰਦੋਲਨ ਵਿੱਚ ਸੰਗੀਤ ਦੀ ਭੂਮਿਕਾ/ਡਾ. ਹਰਵਿੰਦਰ ਸਿੰਘ/71

: "ਸ਼ਵੇਤਾਂਬਰ ਨੇ ਕਿਹਾ ਸੀ" : ਮਨੋਵਿਗਿਆਨਕ ਸ਼ਿਲਪ ਵਿਧਾਨ/ਪ੍ਰਭਜੀਤ ਕੌਰ/75

: ਅਤਰਜੀਤ ਦੀ ਕਹਾਣੀ ਕਲਾ/ਡਾ. ਬਲਜੀਤ ਕੌਰ/78

: ਭਾਵਨਾਵਾਂ ਦੀ ਅਭੀਵਿਅਕਤੀ ਕਰਦਾ ਕਾਵਿ ਸੰਗ੍ਰਹਿ.../ਅਮਨਪ੍ਰੀਤ ਕੌਰ/81

: ਕਹਾਣੀ ਸੰਗ੍ਰਹਿ 'ਖਾਰਾ ਦੁੱਧ' ਦੇ ਬਿਰਤਾਂਤ ਦੀ.../ਗੁਰਵਿੰਦਰ ਸਿੰਘ/83

: ਡਾ. ਸੁਸ਼ੀਲਾ ਟਾਕਭੌਰੇ.../ਤਪਿੰਦਰ ਕੌਰ, ਗਾਈਡ : ਡਾ. ਸਤਵੰਤ ਸਿੰਘ, ਸਹਾਇਕ ਪ੍ਰੋਫ਼ੈਸਰ/86

: ਗੁਰੂ ਤੇਗ ਬਹਾਦੁਰ ਜੀ ਦੇ ਸ਼ਲੋਕਾਂ ਅੰਦਰ.../ਗੁਰਨਾਮ ਸਿੰਘ/89

: ਪੰਜਾਬੀ ਕੋਸ਼ਾਂ ਵਿਚ ਅੱਖਰ-ਕ੍ਰਮ ਦੀ ਸਮੱਸਿਆ.../ਡਾ. ਸੁਖਦੀਪ ਸਿੰਘ/92

: 'ਕਿਤਾਬ ਬੋਲਦੀ ਹੈ' : ਵੱਖਰੇ ਮੁਹਾਂਦਰੇ ਵਾਲੀ ਸ਼ਾਇਰੀ/ਡਾ. ਅਮਰਬੀਰ ਕੌਰ/95

: ਬਾਲ ਸਾਹਿਤ : ਸਮੱਸਿਆ ਅਤੇ ਸੰਭਾਵਨਾਵਾਂ/ਡਾ. ਸ਼ਾਲੂ ਕੌਰ/98

: ਅਜਮੇਰ ਸਿੱਧੂ ਦੀਆਂ ਕਹਾਣੀਆਂ ਵਿੱਚ ਨਾਰੀਵਾਦੀ ਸਰੋਕਾਰ/ਅਵਤਾਰ ਸਿੰਘ/100

: ਫ਼ਿਰਕਾਪ੍ਰਸਤੀ ਦੀ ਦਾਸਤਾਨ ਹੈ : ਤਮਾਸ਼ਾ/ਆਨੰਦ ਵਰਧਨ/102

: ਰੋਹ ਅਤੇ ਵਿਦਰੋਹ ਦੀ ਪ੍ਰਚੰਡ ਆਵਾਜ਼ : ਅਵਤਾਰ ਸਿੰਘ ਪਾਸ਼/ਡਾ. ਸੰਦੀਪ ਕੌਰ/105

: ਵਿਸ਼ੁੱਧ ਸ਼ਾਸਤਰੀ ਗਾਇਕਾਂ ਦਾ ਠੁਮਰੀ, ਗੀਤ,.../ਡਾ. ਮੁਕਤੇਸ਼ੀ ਸ਼ਰਮਾ/108

: "ਹੁਣ ਨਹੀਂ ਮਰਦੀ ਨਿਰਮਲਾ" ਵਿਚ ਨਵੀਂ ਨਾਰੀ ਦਾ ਬਿੰਬ/ਪ੍ਰਿਆ ਰਾਣੀ/110

: ਚੰਗੇਜ਼ ਆਇਤਮਾਤੋਵ ਦੇ ਨਾਵਲ 'ਅਲਵਿਦਾ ਗੁਲਸਾਰੀ'.../ਵਰਿੰਦਰਜੀਤ ਕੌਰ/112

: ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ.../ਮਨਪ੍ਰੀਤ ਕੌਰ, ਨਿਗਰਾਨ—ਡਾ. ਮੇਜਰ ਸਿੰਘ/116

: ਵਨੀਤਾ ਕਾਵਿ : ਸਮਾਜਿਕ ਸਭਿਆਚਾਰਕ ਚੇਤਨਾ/ਪ੍ਰਵੀਨ ਕੌਰ/119

: ਅਜਮੇਰ ਸਿੰਘ ਔਲਖ.../ਗੁਰਲਾਲ ਸਿੰਘ, ਨਿਗਰਾਨ : ਡਾ. ਯਾਦਵਿੰਦਰ ਕੌਰ/121

: ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦੇ ਵਿਭਿੰਨ ਪਾਸਾਰ/ਸੁਖਜੀਤ ਕੌਰ/125

: ਪੰਜਾਬੀ ਕਿੱਸਾ ਕਾਵਿ ਪਰੰਪਰਾ ਦੀ ਵਿਲੱਖਣਤਾ ਅਤੇ.../ਸਰਵਰਿੰਦਰ ਸਿੰਘ/127

(ਬਾਕੀ ਪੰਨਾ 3 'ਤੇ)

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No. 5, Kunjwani, Behind Shaheed Filling Station Jammu-180010. Editor, Baljeet Singh Raina



# ਸਾਹਿਤ ਦੀ ਤੁਲਨਾਤਮਿਕ ਅਧਿਐਨ ਵਿਧੀ

— ਡਾ. ਹਰਜਿੰਦਰ ਸਿੰਘ —

ਸਾਹਿਤ-ਅਧਿਐਨ ਦੇ ਖੇਤਰ ਵਿੱਚ 'ਤੁਲਨਾਤਮਿਕ ਅਧਿਐਨ' ਅਜੋਕੇ ਦੌਰ ਦਾ ਮਹੱਤਵਪੂਰਨ ਅਕਾਦਮਿਕ ਅਨੁਸ਼ਾਸਨ ਹੈ। ਪੰਜਾਬੀ ਸਾਹਿਤ ਜਗਤ ਵਿੱਚ ਵੀ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਾਹਿਤ ਦੇ ਅਧਿਐਨ ਲਈ ਵਧੇਰੇ ਸੰਜੀਦਗੀ ਨਾਲ ਉਪਕ੍ਰਮ ਹੋ ਰਹੇ ਹਨ। ਇਹ ਅਧਿਐਨ ਵਿਧੀ ਭਾਵੇਂ ਵੀਹਵੀਂ ਸਦੀ ਵਿੱਚ ਸਿਧਾਂਤਕ ਰੂਪ ਗ੍ਰਹਿਣ ਕਰਦੀ ਹੈ ਪਰੰਤੂ ਇਕ ਪਰੰਪਰਾ ਵਜੋਂ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਾਹਿਤ ਦੇ ਅਧਿਐਨ ਅਤੇ ਸੰਪਾਦਨ ਦੀ ਪ੍ਰਕਿਰਿਆ ਮੱਧਕਾਲ ਤੋਂ ਸ਼ੁਰੂ ਹੋ ਗਈ ਸੀ। ਇਨ੍ਹਾਂ ਪ੍ਰਸੰਗਿਕ ਸਥਿਤੀਆਂ ਦੇ ਅੰਤਰਗਤ 'ਆਦਿ ਗ੍ਰੰਥ ਨੂੰ ਬਿਨ੍ਹਾਂ ਵਿਵਾਦ ਪ੍ਰਥਮ ਭਾਰਤੀ ਤੁਲਨਾਤਮਕ ਬਾਣੀ-ਸੰਗ੍ਰਹਿ ਕਹਿ ਸਕਦੇ ਹਾਂ।'[1] ਪਰੰਤੂ ਇਕ ਸੁਤੰਤਰ ਅਨੁਸ਼ਾਸਨ ਵਜੋਂ ਇਹ ਵਰਤਾਰਾ ਸਮਕਾਲੀ ਦੌਰ ਵਿੱਚ ਸਥਾਪਤ ਹੋ ਗਿਆ ਹੈ। 'ਤੁਲਨਾਤਮਿਕ ਅਧਿਐਨ' ਦ੍ਰਿਸ਼ਟੀ ਦੇ ਅੰਤਰਗਤ ਕੀਤਾ ਸਾਹਿਤ ਦਾ ਅਧਿਐਨ ਵਧੇਰੇ ਕਾਰਗਰ ਸਿੱਟੇ ਪ੍ਰਦਾਨ ਕਰਨ ਦੇ ਸਮਰੱਥ ਹੈ ਅਤੇ ਇਹ ਸਾਹਿਤ ਚਿੰਤਨ ਦੇ ਘੇਰੇ ਨੂੰ ਹੋਰ ਵਸੀਹ ਕਰਨ ਲਈ ਸਹਾਇਕ ਸਿਧ ਹੁੰਦਾ ਹੈ।

ਉਪਰੋਕਤ ਪ੍ਰਸੰਗ ਵਿੱਚ ਤੁਲਨਾਤਮਿਕ ਅਧਿਐਨ ਵਿਧੀ ਨੂੰ ਸਿਧਾਂਤਕ ਤੇ ਵਿਹਾਰਕ ਤੌਰ 'ਤੇ ਸਮਝਣਾ ਬਣਦਾ ਹੈ। ਤੁਲਨਾਤਮਿਕ ਅਧਿਐਨ (Comparative Study) ਦੋ ਸ਼ਬਦਾਂ ਦਾ ਸਮੂਹ ਹੈ। ਇਕ ਹੈ 'ਤੁਲਨਾਤਮਿਕ' ਤੇ ਦੂਜਾ ਹੈ 'ਅਧਿਐਨ'। 'ਤੁਲਨਾਤਮਿਕ' ਸ਼ਬਦ ਦਾ ਮੂਲ ਸ਼ਬਦ 'ਤੁਲਨਾ' ਹੈ। 'ਤੁਲਨਾ' ਦਾ ਮੂਲ ਧਾਤੂ-'ਤੁਲ' ਜਾਂ 'ਤੋਲਨਾ' ਹੈ। 'ਤੁਲ ਦਾ ਅਰਥ ਹੈ-ਤੋਲ ਸਾਵਾਂ ਕਰਨਾ। ਤੁਲਨਾ ਦਾ ਅਰਥ ਹੈ-ਬਰਾਬਰੀ ਕਰਨਾ, ਸਮਾਨਤਾ ਜਾਂ ਟਾਕਰਾ ਕਰਨਾ। ਤੁਲਨਾਤਮਿਕ ਸ਼ਬਦ ਦਾ ਅਰਥ ਹੈ-ਤੁਲਨਾ ਸੰਬੰਧੀ, ਤੁਲਨਾ ਦਾ ਟਾਕਰਵਾਂ।'[2] ਹਿੰਦੀ ਭਾਸ਼ਾ ਦੇ ਪ੍ਰਸਿਧ ਵਿਦਵਾਨ ਇੰਦਰਨਾਥ ਚੌਧਰੀ ਅਨੁਸਾਰ ਤੁਲਨਾਤਮਕ ਇਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕਤਾ ਅਤੇ ਮਾਨਸਿਕ ਦ੍ਰਿਸ਼ਟੀ ਹੈ।[3] ਡਾ. ਹਰਚੰਦ ਸਿੰਘ ਬੇਦੀ ਅਨੁਸਾਰ ਤੁਲਨਾਤਮਕ ਸ਼ਬਦ ਨਾਲ ਤੁਲਨਾ ਦੀ ਪ੍ਰਕਿਰਿਆ ਜੁੜੀ ਹੋਈ ਹੈ। ਤੁਲਨਾ ਵਿੱਚ ਵਸਤੂਆਂ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਜਾਂਦਾ ਹੈ ਕਿ ਜਿਸ ਨਾਲ ਸਮਾਨਤਾ ਜਾਂ ਅਸਮਾਨਤਾ ਦਾ ਪਤਾ ਲਗ ਸਕੇ।[4] ਇਸ ਪ੍ਰਕਾਰ 'ਅਧਿਐਨ ਦੇ ਸ਼ਾਬਦਿਕ ਅਰਥ ਹਨ-ਘੋਖਣਾ, ਵਿਚਾਰਨਾ, ਜਾਚਣਾ, ਪੜਤਾਲ ਕਰਨਾ।'[5] ਡਾ. ਵਿਨਯ ਕੁਮਾਰ ਪਾਠਕ ਅਨੁਸਾਰ ਪੜ੍ਹਨ ਦਾ ਨਿਰੰਤਰ ਕਾਰਜ ਅਧਿਐਨ ਅਖਵਾਉਂਦਾ ਹੈ ਜੋ ਗਿਆਨ ਦੇ ਵਿਕਾਸ ਦਾ ਮੁੱਖ ਸੋਮਾ ਹੈ। ਅਧਿਐਨ ਤੋਂ ਬਾਅਦ ਚਿੰਤਨ-ਮੰਨਨ ਦਾ ਕ੍ਰਮ ਆਉਂਦਾ ਹੈ ਜੋ ਖੋਜ ਦੀ ਪ੍ਰਕਿਰਤੀ ਲਈ ਅਨਿਵਾਰੀ ਹੈ। ਕੇਵਲ ਸਿਧਾਂਤਕ ਅਧਿਐਨ ਇਕ ਤਰਫ਼ੀ ਹੁੰਦਾ ਹੈ ਪਰ ਵਿਹਾਰਕ ਅਧਿਐਨ ਬਹੁ-ਪਰਤੀ ਹੁੰਦਾ ਹੈ।[6] ਇਸ ਤਰ੍ਹਾਂ 'ਤੁਲਨਾਤਮਿਕ ਅਧਿਐਨ' ਦੇ ਅਰਥ ਹਨ-ਤੁਲਨਾ ਨੂੰ ਅਧਾਰ ਬਣਾ ਕੇ ਸਾਹਿਤਕ ਰਚਨਾਵਾਂ ਜਾਂ ਹੋਰ ਸਾਹਿਤ ਬਾਹਰੀ ਵਸਤੂਆਂ/ਵਰਤਾਰਿਆਂ ਨੂੰ ਘੋਖਣਾ, ਪਰਖਣਾ, ਵਿਚਾਰਨਾ ਆਦਿ। ਅੰਗਰੇਜ਼ੀ ਭਾਸ਼ਾ ਵਿੱਚ 'ਤੁਲਨਾਤਮਿਕ ਅਧਿਐਨ' ਦਾ ਸ਼ਬਦੀ ਰੂਪਾਂਤਰ 'ਕਮਪੈਰੇਟਿਵ ਸਟੱਡੀ' (Comparative Study) ਕੀਤਾ ਗਿਆ ਹੈ। 'Comparative ਸ਼ਬਦ ਦੇ ਅਰਥ ਹਨ-ਤੁਲਨਾਤਮਕ, ਤੁਲਨਾਵਾਚੀ, ਮੁਕਾਬਲੇ ਦਾ, ਟਾਕਰਵਾਂ।'[7] ਇਸੇ ਤਰ੍ਹਾਂ 'Study' ਦੇ ਅਰਥ ਹਨ-ਪੜ੍ਹਾਈ, ਪਾਠ, ਅਭਿਆਸ, ਘੋਖ (ਕਿਸੇ ਖ਼ਾਸ ਕਲਾ ਜਾਂ ਵਿਦਿਆ ਦਾ), ਅਧਿਐਨ ਵਿਸ਼ਾ, ਚਿੰਤਨ ਜਾਂ ਸਾਧਨਾ ਦੁਆਰਾ ਪ੍ਰਾਪਤ ਵਸਤੂ ਆਦਿ।'[8] ਇਉਂ ਤੁਲਨਾਤਮਿਕ ਅਧਿਐਨ (Comparative Study) ਦੇ ਅੰਤਰਗਤ ਤੁਲਨਾਯੋਗ ਸਾਹਿਤਕ ਰਚਨਾਵਾਂ, ਵਸਤੂਆਂ ਜਾਂ ਕਿਸੇ ਹੋਰ ਸਮੱਗਰੀ ਦਾ ਤੁਲਨਾ ਦੀ ਦ੍ਰਿਸ਼ਟੀ ਤੋਂ ਅਧਿਐਨ ਵਿਸ਼ਲੇਸ਼ਣ ਕਰਕੇ ਸਮਾਨਤਾਵਾਂ ਅਤੇ ਵੱਖਰਤਾਵਾਂ ਦਾ ਨਿਖੇੜਾ ਕਰਦਿਆਂ ਅੰਤਰ-ਸੰਵਾਦ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਜਾਂਦੀ ਸਗੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਨਿਰਧਾਰਤ ਕਰਨ ਵਾਲੀਆਂ ਸਥਿਤੀਆਂ/ਪਰਿਸਥਿਤੀਆਂ ਨੂੰ ਰਜਿਸਟਰ ਵੀ ਕੀਤਾ ਜਾਂਦਾ ਹੈ।

ਵਿਸ਼ਵ ਪੱਧਰ 'ਤੇ ਪਹਿਲੋ-ਪਹਿਲ ਸਾਹਿਤ ਦੇ 'ਤੁਲਨਾਤਮਿਕ ਅਧਿਐਨ' ਲਈ 'ਤੁਲਨਾਤਮਿਕ ਸਾਹਿਤ' (Comparative Literature) ਸ਼ਬਦ ਸਮੂਹ ਦੀ ਵਰਤੋਂ ਕੀਤੀ ਗਈ ਤੇ ਅਧਿਕਤਰ ਰੂਪ ਵਿੱਚ ਅਜੇ ਵੀ ਕੀਤੀ ਜਾ ਰਹੀ ਹੈ। 'ਇਸੇ ਸਮੇਂ ਦੌਰਾਨ ਫਰਾਂਸਿਸ ਮੇਅਰਸ ਨੇ ਇਕ ਪੁਸਤਕ ਲਿਖੀ ਜਿਸ ਦਾ ਸਿਰਲੇਖ ਸੀ, 'ਏ ਕਮਪੈਰੇਟਿਵ ਡਿਸਕੋਰਸ ਆਫ਼ ਆਵਰ ਇੰਗਲਿਸ਼ ਪੋਇਟਸ ਵਿਦ ਦਾ ਗਰੀਕ ਲੈਟਿਨ ਐਂਡ ਇਟੇਲੀਅਨ ਪੋਇਟਸ'। ਸੰਨ 1901 ਵਿੱਚ 'ਕਾਨਟੈਂਪਰੇਰੀ ਰਿਵਿਊ (LXXIX) ਅੰਕ ਵਿੱਚ 'ਦੀ ਸਾਇੰਸ ਆਫ਼ ਕਮਪੈਰੇਟਿਵ ਲਿਟਰੇਚਰ' ਨਾਂ ਦਾ ਇਕ ਲੇਖ ਵੀ ਪ੍ਰਕਾਸ਼ਤ ਹੋਇਆ।[9] ਜਿਸ ਦੇ ਆਧਾਰ 'ਤੇ ਇਸ ਅਧਿਐਨ ਵਿਧੀ ਦੇ ਮੁੱਢਲੇ ਦੌਰ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਤੁਲਨਾਤਮਿਕ ਅਧਿਐਨ ਬਾਰੇ ਪ੍ਰਸਿੱਧ ਵਿਦਵਾਨ ਆਰ. ਕੇ. ਧਵਨ ਲਿਖਦਾ ਹੈ ਕਿ ਸਭ ਤੋਂ ਪਹਿਲਾਂ ਮੈਥਯੂ ਅਰਨਾਲਡ ਨੇ 1848 ਵਿੱਚ ਆਪਣੇ ਇਕ ਪੱਤਰ ਵਿੱਚ 'ਕਮਪੈਰੇਟਿਵ ਲਿਟਰੇਚਰ' ਪਦ ਦਾ ਪ੍ਰਯੋਗ ਕੀਤਾ ਸੀ।[10] ਪਰ ਸਥਿਤੀ ਦੀ ਵਿਡੰਬਣਾ ਇਹ ਹੈ ਕਿ 'ਕਮਪੈਰੇਟਿਵ ਲਿਟਰੇਚਰ' ਸ਼ਬਦ ਸਮੂਹ ਦੇ ਸ਼ਬਦੀ ਅਰਥਾਂ ਨੂੰ ਲੈ ਕਿ ਸ਼ੁਰੂ ਤੋਂ ਵਿਵਾਦ ਰਿਹਾ ਹੈ ਤੇ ਇਸ ਦੇ ਅਰਥਾਂ ਨੂੰ ਸਪੱਸ਼ਟ ਕਰਨ ਦੇ ਯਤਨ ਵੀ ਹੋਏ ਹਨ। ਸਾਹਿਤ ਦੇ ਤੁਲਨਾਤਮਿਕ ਅਧਿਐਨ ਲਈ ਵਰਤੇ ਜਾਂਦੇ ਸ਼ਬਦ-ਸਮੂਹ 'ਤੁਲਨਾਤਮਿਕ ਸਾਹਿਤ' ਬਾਰੇ ਆਪਣੇ ਵਿਚਾਰ ਵਿਅਕਤ ਕਰਦਾ ਹੋਇਆ ਸੇਂਟਸਬਰੀ ਲਿਖਦਾ ਹੈ ਕਿ 'ਤੁਲਨਾਤਮਿਕ ਸਾਹਿਤ' ਇਕ ਅਸੰਗਤ ਜਿਹਾ ਨਾਂ ਹੈ ਅਤੇ ਇਸ ਦੀ ਥਾਂ 'ਤੇ 'ਤੁਲਨਾਤਮਿਕ ਆਲੋਚਨਾ' ਦਾ ਪ੍ਰਯੋਗ ਹੋਣਾ ਚਾਹੀਦਾ ਹੈ।[11] ਇਸੇ ਤਰ੍ਹਾਂ ਹੀ 'ਤੁਲਨਾਤਮਿਕ ਸਾਹਿਤ' ਸ਼ਬਦ-ਸਮੂਹ ਬਾਰੇ ਆਪਣਾ ਪ੍ਰਤੀਕਰਮ ਪੇਸ਼ ਕਰਦਾ ਹੋਇਆ ਪ੍ਰੋ. ਲੇਨ ਕੂਪਰ ਲਿਖਦਾ ਹੈ ਕਿ 'ਤੁਲਨਾਤਮਕ ਸਾਹਿਤ' ਦੇ ਪ੍ਰਯੋਗ ਦਾ ਉਹੋ ਜਿਹਾ ਹੀ ਅਰਥ ਹੈ, ਜਿਹੋ ਜਿਹਾ 'ਤੁਲਨਾਤਮਕ ਆਲੂ' ਜਾਂ

'ਤੁਲਨਾਤਮਕ ਤੂੜੀ' ਦਾ।[12] ਡਾ. ਇੰਦਰਨਾਥ ਚੌਧਰੀ ਲਿਖਦਾ ਹੈ ਕਿ ਸਾਹਿਤ, ਜਦ ਕਹਾਣੀਕਾਰ, ਕਵੀ ਆਦਿ ਦੀ ਸਿਰਜਨਾਤਮਿਕ, ਕਲਾਤਮਿਕ ਅਭਿਵਿਅਕਤੀ ਹੈ ਤਾਂ ਇਹ ਕਿਸੇ ਤਰ੍ਹਾਂ ਵੀ ਤੁਲਨਾਤਮਕ ਨਹੀਂ ਹੋ ਸਕਦੀ। ਅਸੀਂ ਅੱਜ ਤੱਕ ਕੋਈ ਵੀ ਇਸ ਤਰ੍ਹਾਂ ਦਾ ਸਾਹਿਤਕਾਰ ਨਹੀਂ ਵੇਖਿਆ ਜੋ ਤੁਲਨਾਤਮਕ ਕਵਿਤਾ, ਕਹਾਣੀ ਜਾਂ ਨਾਵਲ ਲਿਖਦਾ ਹੋਵੇ। ਸਾਹਿਤ ਦੀ ਹਰ ਰਚਨਾ ਆਪਣੇ ਆਪ ਵਿੱਚ ਪੂਰਨ ਹੁੰਦੀ ਹੈ ਅਤੇ ਸਾਹਿਤ ਸਿਰਜਨਾ ਸਮੇਂ ਕਿਸੇ ਦੂਸਰੇ ਸਾਹਿਤ ਨਾਲ ਤੁਲਨਾ ਦੀ ਜ਼ਰੂਰਤ ਨਹੀਂ ਹੁੰਦੀ। 'ਤੁਲਨਾਤਮਕ' ਸ਼ਬਦ ਸਾਹਿਤ ਸਿਰਜਨਾ ਦੇ ਸੰਦਰਭ ਵਿੱਚ ਪ੍ਰਯੋਗ ਨਹੀਂ ਕੀਤਾ ਜਾ ਸਕਦਾ।[13] ਅੱਗੇ ਚਲ ਕੇ ਇਹ ਵਿਦਵਾਨ ਆਪ ਹੀ ਆਪਣੇ ਵਿਚਾਰਾਂ ਨੂੰ ਕੱਟਦਾ ਹੋਇਆ ਭਾਰਤ ਵਰਗੇ ਬਹੁ-ਭਾਸ਼ਾਈ ਖਿੱਤੇ ਦੀ ਸਥਿਤੀ ਦੇ ਮੱਦੇਨਜਰ ਆਖਦਾ ਹੈ ਕਿ ਤੁਲਨਾਤਮਕ ਸਾਹਿਤ ਵਿਭਿੰਨ ਸਾਹਿਤਾਂ ਦਾ ਤੁਲਨਾਤਮਕ ਅਧਿਐਨ ਹੈ। ਏਨਾ ਹੀ ਨਹੀਂ ਸਗੋਂ ਹੋਰ ਖੇਤਰਾਂ ਦਾ ਵੀ ਤੁਲਨਾਤਮਕ ਅਧਿਐਨ ਹੈ।[14] ਜ਼ਾਹਿਰ ਹੈ ਕਿ ਮਾਹਰ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਹੋ ਗਿਆ ਜਿਸ ਕਾਰਨ ਉਸਦੇ ਵਿਚਾਰਾਂ ਵਿੱਚ ਸਪੱਸ਼ਟਤਾ ਨਜ਼ਰ ਨਹੀਂ ਆਉਂਦੀ। ਹਿੰਦੀ ਭਾਸ਼ਾ ਦਾ ਹੀ ਇਕ ਹੋਰ ਵਿਦਵਾਨ ਡਾ. ਰਾਜੂਰਕਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਸਮੂਹ 'Comparative Literature' ਨੂੰ ਵਰਤਣ ਪਿਛੇ ਕਿਸੇ ਭੁੱਲ/ਗ਼ਲਤੀ ਨੂੰ ਮੰਨਦਾ ਹੈ। ਉਹ ਆਖਦਾ ਹੈ ਕਿ ਅੰਗਰੇਜ਼ੀ ਭਾਸ਼ਾ ਵਿੱਚ ਆਰੰਭ ਤੋਂ ਹੀ ਇਹ ਗ਼ਲਤੀ ਹੋ ਗਈ ਪ੍ਰੰਤੂ ਉਸ ਦਾ ਪ੍ਰਚੱਲਣ ਏਨ੍ਹਾ ਵਿਆਪਕ ਹੋ ਗਿਆ ਕਿ ਨਾਮ ਬਦਲਣ ਦੇ ਯਤਨ ਵੀ ਵਿਅਰਥ ਹੋ ਗਏ ਅਤੇ ਫਿਰ ਹਿੰਦੀ ਭਾਸ਼ਾ ਵਿੱਚ ਵੀ ਜਦੋਂ ਤੁਲਨਾਤਮਕ ਅਧਿਐਨ ਦਾ ਕਾਰਜ ਸ਼ੁਰੂ ਹੋਇਆ ਤਾਂ ਉਸੇ ਤਰ੍ਹਾਂ ਅੰਗਰੇਜ਼ੀ ਦੇ ਪਦ ਦਾ ਸ਼ਾਬਦਿਕ ਅਨੁਵਾਦ ਕਰ ਲਿਆ ਗਿਆ। ਤੁਲਨਾਕਮਕ ਸਾਹਿਤ ਦਾ ਸਰੂਪ ਤੁਲਨਾਤਮਕ ਅਧਿਐਨ ਦੇ ਆਧਾਰ 'ਤੇ ਹੀ ਸਪਸ਼ਟ ਹੁੰਦਾ ਹੈ। ਕੇਵਲ ਨਾਮ ਭੇਦ ਹੈ। ਤੁਲਨਾਤਮਕ ਸਾਹਿਤ, ਤੁਲਨਾਤਮਕ ਅਧਿਐਨ ਦਾ ਹੀ ਦੂਸਰਾ ਨਾਂ ਹੈ। ਨਾਮਕਰਨ ਵਿੱਚ ਸਾਹਿਤ ਹੈ ਪ੍ਰੰਤੂ ਵਿਵਹਾਰ ਵਿੱਚ ਅਧਿਐਨ ਹੈ।[15] ਇਸੇ ਤਰ੍ਹਾਂ ਹਿੰਦੀ ਭਾਸ਼ਾ ਦੇ ਹੀ ਵਿਦਵਾਨ ਡਾ. ਨਗੇਂਦਰ ਵੀ 'ਤੁਲਨਾਤਮਿਕ ਸਾਹਿਤ' ਸ਼ਬਦ ਸਮੂਹ ਦੀ ਵਰਤੋਂ ਕਰਦੇ ਹੋਏ ਉਸ ਨੂੰ 'ਤੁਲਨਾਤਮਿਕ ਅਧਿਐਨ' ਦਾ ਵਾਚਕ ਹੀ ਮੰਨਦੇ ਹਨ। ਉਨ੍ਹਾਂ ਅਨੁਸਾਰ ਤੁਲਨਾਤਮਕ ਸਾਹਿਤ ਜਿਸ ਤਰ੍ਹਾਂ ਉਸ ਦੇ ਨਾਮ ਤੋਂ ਹੀ ਸਪਸ਼ਟ ਹੈ, ਸਾਹਿਤ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕਰਦਾ ਹੈ। ਇਹ ਨਾਮ ਪਦ ਅਸਲ ਵਿੱਚ ਇਕ ਪ੍ਰਕਾਰ ਦਾ ਨਿਊਨ ਪਦ ਪ੍ਰਯੋਗ ਹੈ ਅਤੇ ਸਾਹਿਤ ਦੇ 'ਤੁਲਨਾਤਮਕ ਅਧਿਐਨ' ਦਾ ਵਾਚਕ ਹੈ।[16] ਸਾਹਿਤ ਦੇ ਤੁਲਨਾਤਮਿਕ ਅਧਿਐਨ ਲਈ ਪੰਜਾਬੀ ਦੇ ਜ਼ਿਆਦਾਤਰ ਵਿਦਵਾਨਾਂ ਨੇ ਵੀ ਅੰਗਰੇਜ਼ੀ ਸ਼ਬਦ ਸਮੂਹ ਦਾ ਹੀ ਪੰਜਾਬੀ ਅਨੁਵਾਦ ਕਰਕੇ ਵਰਤ ਲਿਆ ਹੈ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ ਤੁਲਨਾਤਮਕ ਸਾਹਿਤ ਦਾ ਸਰਲ ਜਿਹਾ ਅਰਥ ਤਾਂ ਸਾਹਿਤ ਦੇ ਉਹ ਅਧਿਐਨ ਹਨ, ਜੋ ਤੁਲਨਾ ਨੂੰ ਆਪਣਾ ਮੂਲ ਆਧਾਰ ਬਣਾਉਂਦੇ ਹਨ। ਸਾਧਾਰਨ ਸਾਹਿਤ ਹੋਵੇ ਤੇ ਭਾਵੇਂ ਤੁਲਨਾਤਮਕ ਸਾਹਿਤ, ਤੁਲਨਾ ਸਾਹਿਤਕ ਮੁਲਾਂਕਣ/ਆਲੋਚਨਾ ਦੀ ਮੁਢਲੀ ਲੋੜ ਹੈ।[17] ਡਾ. ਸਤਿੰਦਰ ਸਿੰਘ ਅਨੁਸਾਰ ਤੁਲਨਾਤਮਕ ਸਾਹਿਤ (Comparative Literature) ਮੂਲ ਤੌਰ 'ਤੇ ਇਕ ਵਿਧੀ ਹੈ ਜਿਸ ਰਾਹੀਂ ਅਸੀਂ ਵੱਖ-ਵੱਖ ਸਾਹਿਤਾਂ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰਦੇ ਹਾਂ। ਇਹ ਵਿਧੀ ਇਕ ਤੋਂ ਵੱਧ ਸਾਹਿਤਾਂ ਦੇ ਇਤਿਹਾਸਮੂਲਕ ਅਤੇ ਸੁਹਜਮੂਲਕ ਪਾਸਾਰਾਂ ਨਾਲ ਸੰਬੰਧਿਤ ਹੈ। ਇਸ ਦਾ ਸਬੰਧ ਆਲੋਚਕ ਦੇ ਮੂਲ ਸੰਦਾਂ ਨਾਲ ਵੀ ਹੈ।[18] ਡਾ. ਹਰਿਭਜਨ ਸਿੰਘ ਅਨੁਸਾਰ ਸਾਹਿਤ ਦੇ ਮੁਕਾਬਲੇ ਤੁਲਨਾਤਮਕ ਸਾਹਿਤ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਉਹ ਆਪਣੀ ਸਾਮਗ੍ਰੀ ਨੂੰ ਬਹੁਬਚਨੀ ਮੰਨ ਕੇ ਤੁਰਦਾ ਹੈ, ਉਹ ਇਕੋ ਵੇਲੇ ਇਕ ਤੋਂ ਵਧੀਕ ਰਚਨਾਵਾਂ ਦਾ ਪਾਠ ਕਰਦਾ ਹੈ। ਹਰ ਇਕ ਰਚਨਾ ਨੂੰ ਹਮੇਸ਼ਾ ਉਸ ਦੀ ਪਰੰਪਰਾ ਵਿੱਚ ਰੱਖ ਕੇ ਵਿਚਰਦਾ ਹੈ ਤੇ ਸਦਾ ਸੁਚੇਤ ਰਹਿੰਦਾ ਹੈ ਕਿ ਸਾਹਿਤ ਅਖਵਾਉਣ ਵਾਲੀ ਰਚਨਾ ਆਪਣੇ ਆਪ ਵਿੱਚ ਸੰਪੂਰਣ 'ਸਿਨਟੈਮ' ਹੁੰਦੀ ਹੋਈ ਵੀ ਆਪਣੇ ਆਪ ਤੋਂ ਬਾਹਰ ਸਮਝੇ ਜਾਣ ਵਾਲੇ ਅਨੇਕ ਸਭਿਆਚਾਰਕ ਪੈਰਾਡਾਈਮਾਂ ਨਾਲ ਜੁੜੀ ਹੋਈ ਹੁੰਦੀ ਹੈ।[19] ਇਸੇ ਤਰ੍ਹਾਂ ਸਾਹਿਤ ਦੇ ਤੁਲਨਾਤਮਿਕ ਅਧਿਐਨ ਨਾਲ ਜੁੜੇ ਹੋਏ ਵਿਦਵਾਨ ਜ਼ਿਆਦਾਤਰ ਤੁਲਨਾਤਮਿਕ ਸਾਹਿਤ (Comparative Literature) ਸ਼ਬਦ ਸਮੂਹ ਦੀ ਹੀ ਵਰਤੋਂ ਕਰਦੇ ਹਨ। ਪਰ ਇਨ੍ਹਾਂ ਵਿਚੋਂ ਵੀ ਤੇ ਕੁਝ ਹੋਰ ਵਿਦਵਾਨ 'ਤੁਲਨਾਤਮਿਕ ਸਾਹਿਤ' ਅਤੇ 'ਤੁਲਨਾਤਮਿਕ ਅਧਿਐਨ' ਸ਼ਬਦ ਸਮੂਹਾਂ ਵਿੱਚ ਨਿਖੇੜਾ ਵੀ ਕਰਦੇ ਹਨ। ਪ੍ਰੋ. ਲੇਨ ਕੂਪਰ ਦੇ ਅਨੁਸਾਰ ਤੁਲਨਾਤਮਕ ਸਾਹਿਤ, ਸਾਹਿਤ ਦੇ 'ਤੁਲਨਾਤਮਕ ਅਧਿਐਨ' ਦੀ ਸੰਖੇਪ ਅਭਿਵਿਅਕਤੀ ਹੈ।[20] ਡਾ. ਰਾਜੂਰਕਰ 'ਤੁਲਨਾਤਮਿਕ ਅਧਿਐਨ' ਅਤੇ 'ਤੁਲਨਾਤਮਿਕ ਸਾਹਿਤ' ਵਿੱਚ ਨਖੇੜਾ ਕਰਦਾ ਹੋਇਆ ਆਖਦਾ ਹੈ ਕਿ 'ਤੁਲਨਾਤਮਕ ਅਧਿਐਨ' ਵਿਸ਼ੇ ਦੇ ਵਿਸ਼ਾਲ ਖੇਤਰ ਨਾਲ ਸੰਬੰਧ ਰਖਦਾ ਹੈ। ਇਸ ਦੇ ਆਧਾਰ 'ਤੇ ਵਿਸ਼ੇ ਨਾਲ ਸੰਬੰਧਿਤ ਸਾਰੇ ਅੰਗਾਂ ਨੂੰ ਵੇਖਿਆ ਪਰਖਿਆ ਜਾਂਦਾ ਹੈ। ਜਦੋਂ ਤੁਲਨਾਤਮਕ ਅਧਿਐਨ ਦੀ ਸੀਮਾ ਵਿੱਚ ਕੇਵਲ ਸਾਹਿਤ ਦਾ ਹੀ ਅਧਿਐਨ ਕੀਤਾ ਜਾਂਦਾ ਹੈ ਤਾਂ ਇਸ ਨਾਲ ਸਾਹਿਤ ਦੇ ਵਿਭਿੰਨ ਪਰਿਪੇਖਾਂ ਨੂੰ ਸਮਝਣ/ਸਮਝਾਉਣ ਵਿੱਚ ਮਦਦ ਮਿਲਦੀ ਹੈ। ਸਾਹਿਤ ਸਿਰਜਨਾ ਅਨੇਕ ਭਾਸ਼ਾਵਾਂ ਵਿੱਚ ਹੁੰਦੀ ਰਹੀ ਹੈ ਤੇ ਹੋ ਰਹੀ ਹੈ। ਭਾਸ਼ਾਈ ਵੱਖਰਤਾ ਕਰਕੇ ਸਾਡੇ ਵਿੱਚ ਦੂਰੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਦੂਰੀਆਂ ਨੂੰ ਮੇਟਣ ਲਈ 'ਤੁਲਨਾਤਮਿਕ ਅਧਿਐਨ' ਦੀ ਭੂਮਿਕਾ ਦਾ ਆਪਣਾ ਮਹੱਤਵ ਹੈ। ਵੱਖ-ਵੱਖ ਭਾਸ਼ਾਵਾਂ ਵਿੱਚ ਲਿਖੇ ਸਾਹਿਤ ਵਿੱਚ ਵੀ ਸਮਾਨਤਾ ਹੈ। ਇਹ ਸਮਾਨਤਾ ਸਾਹਿਤ ਦੇ ਵਿਸ਼ੇ-ਵਸਤੂ ਅਤੇ ਪ੍ਰਯੋਜਨ ਨੂੰ ਪਛਾਣ ਕੇ ਹੀ ਸਾਹਮਣੇ ਆ ਸਕਦੀ ਹੈ। ਇਸ ਪਛਾਣ ਨੂੰ ਵਧੇਰੇ ਪੁਖ਼ਤਗੀ ਦੇਣ ਲਈ ਹੀ ਤੁਲਨਾਤਮਕ ਅਧਿਐਨ ਦੀ ਜ਼ਰੂਰਤ ਹੈ।[21] ਡਾ. ਸਤਿੰਦਰ ਸਿੰਘ ਵੀ ਇਨ੍ਹਾਂ ਦੋਹਾਂ ਸ਼ਬਦ ਸਮੂਹਾਂ ਵਿੱਚ ਨਿਖੇੜਾ ਕਰਦਾ ਹੈ ਉਸ ਅਨੁਸਾਰ ਤੁਲਨਾਤਮਕ ਸਾਹਿਤ ਦਾ ਸੰਬੰਧ ਸਾਹਿਤਕ ਵਿਦਵਤਾ ਤੇ ਯੋਗਤਾ ਨਾਲ ਹੈ ਅਤੇ ਤੁਲਨਾਤਮਕ ਅਧਿਐਨ ਦਾ ਬਹੁਤਾ ਸੰਬੰਧ ਸਾਹਿਤਕ ਵਿਦਵਤਾ ਤੇ ਯੋਗਤਾ ਨਾਲ ਹੈ ਅਤੇ ਤੁਲਨਾਤਮਕ ਅਧਿਐਨ ਦਾ ਬਹੁਤਾ ਸੰਬੰਧ ਉਚੇਰੀ ਪੜ੍ਹਾਈ ਅਤੇ ਉਚੇਰੇ ਅਧਿਅਨ ਨਾਲ ਹੈ। ਇਸੇ ਲਈ ਇਹ ਵਿਸ਼ੇਸ਼ਗਾਂ ਤੇ ਬਹੁਤੇ ਪੜ੍ਹੇ ਲਿਖਿਆਂ ਨਾਲ ਸੰਬੰਧਿਤ ਹੈ।[22] ਇਉਂ ਇਨ੍ਹਾਂ ਵਿਦਵਾਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰਖਦੇ ਹੋਏ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਭੰਬਲਭੂਸੇ ਦਾ ਸ਼ਿਕਾਰ ਹਨ। ਇਸੇ ਲਈ ਇਨ੍ਹਾਂ ਦੇ ਵਿਚਾਰਾਂ ਵਿੱਚ ਸਪਸ਼ਟਤਾ ਕਿਧਰੇ ਨਜ਼ਰ ਨਹੀਂ ਆਉਂਦੀ। ਉਹਨਾਂ ਵਿਦਵਾਨਾਂ ਦੇ ਵਿਚਾਰਾਂ ਨਾਲ ਸਹਿਤਮਤੀ ਜਤਾਉਣੀ ਬਣਦੀ ਹੈ ਜਿਹੜੇ ਦੋ ਜਾਂ ਦੋ ਤੋਂ ਵਧੇਰੇ ਸਾਹਿਤਕ ਰਚਨਾਵਾਂ/ਲੇਖਕਾਂ ਦੇ ਤੁਲਨਾਤਮਿਕ

ਅਧਿਐਨ ਲਈ ਚੁਣੇ ਵਿਸ਼ੇ ਦੀ ਵਿਸ਼ਾਲਤਾ ਦੇ ਵਿਭਿੰਨ ਪਰਿਪੇਖਾਂ ਦਾ ਉੱਚ ਪੱਧਰ 'ਤੇ ਅਧਿਐਨ ਕਰਨ ਲਈ 'ਤੁਲਨਾਤਮਿਕ ਅਧਿਐਨ' (Comparative Study) ਸ਼ਬਦ ਸਮੂਹ ਦੀ ਵਰਤੋਂ ਕਰਨ ਵਲ ਸੰਕੇਤ ਕਰਦੇ ਹਨ। ਜ਼ਾਹਿਰ ਹੈ ਜੇ ਸਾਹਿਤਕ ਰਚਨਾਵਾਂ/ਸਾਹਿਤਕਾਰਾਂ ਦੀ ਤੁਲਨਾ ਵਿਚੋਂ ਸਮੱਗਰ ਅਰਥਾਂ ਦੀ ਤਲਾਸ਼ ਕਰਨੀ ਹੈ ਤਾਂ ਉਚੇਰੇ ਅਧਿਐਨ ਕਰਨੇ ਹੀ ਪੈਣਗੇ। ਇਸ ਪਰਿਪੇਖ ਵਿੱਚ ਸਾਡੀ ਜਾਚੇ ਸਾਹਿਤ ਤੇ ਸਾਹਿਤਕਾਰਾਂ ਦੇ ਤੁਲਨਾਤਮਿਕ ਅਧਿਐਨ ਲਈ 'ਤੁਲਨਾਤਮਿਕ ਸਾਹਿਤ' (Comparative Literature) ਨਾਲੋਂ 'ਤੁਲਨਾਤਮਿਕ ਅਧਿਐਨ' (Comparative Study) ਸ਼ਬਦ ਸਮੂਹ ਦੀ ਵਰਤੋਂ ਕਰਨੀ ਵਧੇਰੇ ਢੁਕਵੀਂ ਹੋਵੇਗੀ। ਸਾਹਿਤਕ ਰਚਨਾਵਾਂ ਅਤੇ ਲੇਖਕਾਂ ਦਾ ਤੁਲਨਾਤਮਿਕ ਅਧਿਐਨ ਕਰਕੇ ਹੀ ਅਸੀਂ ਬਹੁ-ਪਰਤੀ ਅਤੇ ਬੁਹ-ਪਰਿਪੇਖੀ ਅਰਥਾਂ ਤੱਕ ਪਹੁੰਚ ਸਕਾਂਗੇ। ਸਾਹਿਤ ਦੀ ਇਸ ਅਧਿਐਨ ਵਿਧੀ ਦੀ ਸੀਮਾ ਸਾਹਿਤ ਜਾਂ ਲੇਖਕਾਂ ਤੱਕ ਹੀ ਮਹਿਦੂਦ ਕਰਨ ਲਈ ਕੁਝ ਨੁਕਤੇ ਧਿਆਨ ਵਿੱਚ ਰੱਖਣੇ ਪਣਗੇ ਤਾਂ ਹੀ ਸਾਹਿਤਕ ਰਚਨਾਵਾਂ/ਲੇਖਕਾਂ ਦੇ ਤੁਲਨਾਤਮਿਕ ਅਧਿਐਨ ਵਿਚੋਂ ਮਹੱਤਵਪੂਰਨ ਸਿੱਟੇ ਹਾਸਲ ਹੋਣਗੇ। ਇਸ ਲਈ ਵਿਸ਼ੇ ਦੀ ਚੋਣ ਅਹਿਮ ਭੂਮਿਕਾ ਅਦਾ ਕਰੇਗੀ। ਜ਼ਾਹਿਰ ਹੈ ਕਿ ਤੁਲਨਾ ਕਰਨਾ ਮਨੁੱਖੀ ਸੁਭਾਅ ਦਾ ਖ਼ਾਸਾ ਹੈ। ਸਮੁੱਚੇ ਮਨੁੱਖੀ ਸੰਚਾਰ ਦੀ ਆਧਾਰ ਭਾਸ਼ਾ ਦਾ ਸੁਭਾਅ ਵੀ ਤੁਲਨਾਤਮਿਕ ਹੈ। ਤੁਲਨਾ ਨੂੰ ਆਧਾਰ ਬਣਾ ਕੇ ਸਾਹਿਤ ਅਧਿਐਨ ਦੇ ਜਗਤ ਵਿੱਚ ਤੁਲਨਾਤਮਿਕ ਅਧਿਐਨ ਹੋਂਦ ਵਿੱਚ ਆਉਂਦਾ ਹੈ ਜੋ ਵੱਖ-ਵੱਖ ਸਾਹਿਤਕ ਰਚਨਾਵਾਂ/ਲੇਖਕਾਂ ਆਦਿ ਦਾ ਤੁਲਨਾਤਮਿਕ ਅਧਿਐਨ ਕਰਕੇ ਇਨ੍ਹਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰਵਾਉਂਦਾ ਹੋਇਆ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਪੁਖ਼ਤਾ ਸਮਝ ਬਣਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ। ਅਸਲ ਵਿੱਚ 'ਤੁਲਨਾਤਮਿਕ ਅਧਿਐਨ', ਸਾਹਿਤ ਦੇ ਖੇਤਰ ਵਿੱਚ ਇਕ ਹੀ ਸਾਹਿਤ ਦੇ ਜਾਂ ਵਿਭਿੰਨ ਸਾਹਿਤਾਂ ਦੇ ਲੇਖਕਾਂ ਅਤੇ ਪ੍ਰਵਿਰਤੀਆਂ ਦੀ ਤੁਲਨਾ ਕਰਕੇ, ਉਨ੍ਹਾਂ ਵਿਚਲੀ ਸਮਾਨਤਾ ਅਤੇ ਅਸਮਾਨਤਾ ਨੂੰ ਪ੍ਰਗਟ ਕਰਦਾ ਹੈ।'[23] ਏਨਾ ਹੀ ਨਹੀਂ 'ਤੁਲਨਾਤਮਿਕ ਅਧਿਐਨ' ਦਾ ਮੁਖ ਪ੍ਰਯੋਜਨ ਹੈ, ਵੱਖ-ਵੱਖ ਸਾਹਿਤਾਂ ਵਿੱਚ ਸੰਗਠਨਮੂਲਕ ਅਤੇ ਸਮਾਨਤਾ ਤੇ ਅਸਮਾਨਤਾਮੂਲਕ ਤੱਤਾਂ/ਪੱਖਾਂ ਦੀ ਖੋਜ ਤੇ ਪਛਾਣ ਪੇਸ਼ ਕਰਨੀ। ਇਸ ਨਾਲ ਪ੍ਰਭਾਵਾਂ ਦਾ ਬੜਾ ਯੋਗ ਅਧਿਐਨ ਹੋ ਸਕਦਾ ਹੈ। ਅੰਤਰ-ਰਾਸ਼ਟਰੀ ਪੱਖਾਂ ਦੀ ਪਛਾਣ ਸਾਹਮਣੇ ਆ ਸਕਦੀ ਹੈ। ਸਾਹਿਤ ਇਤਿਹਾਸ ਤੇ ਇਤਿਹਾਸਕ ਸਾਪੇਖਤਾ ਦੇ ਕੁਝ ਬਿੰਦੂ ਸਪਸ਼ਟ ਹੋ ਸਕਦੇ ਹਨ। ਵਰਤਮਾਨ ਦੇ ਪਿਛੋਕੜ ਤੇ ਉਸ ਦੀਆਂ ਅਤੀਤ ਮੁਖੀ ਪਰੰਪਰਾਵਾਂ ਦਾ ਅਧਿਐਨ ਹੋ ਸਕਦਾ ਹੈ, ਕੌਮੀ ਵਿਚਾਰ/ਭਾਵ ਤੇ ਸਾਹਿਤਕਤਾ ਦੇ ਪੱਖ ਸਾਹਮਣੇ ਆ ਸਕਦੇ ਹਨ। ਇਸ ਸਭ ਤੋਂ ਉਪਰ ਸਾਹਿਤਕ ਅੰਤਰ-ਸੰਬੰਧਾਂ ਦੀ ਪਛਾਣ ਇਸ ਦਾ ਇਕ ਬਹੁਤ ਮਹੱਤਵਪੂਰਨ ਤੇ ਸਾਰਥਕ ਅਧਿਐਨ ਪ੍ਰਯੋਜਨ ਹੈ।'[24] ਇਸ ਤਰ੍ਹਾਂ ਤੁਲਨਾਤਮਿਕ ਅਧਿਐਨ ਪੰਜਾਬੀ ਸਾਹਿਤ ਅਧਿਐਨ ਦਾ ਇਕ ਨਵਾਂ ਪਰ ਮਹੱਤਵਪੂਰਨ ਅਨੁਸ਼ਾਸਨ ਹੈ। ਤੁਲਨਾਤਮਿਕ ਸਾਹਿਤ, ਤੁਲਨਾਤਮਿਕ ਅਧਿਐਨ ਦੀ ਇਕ ਸ਼ਾਖਾ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ, ਪੂਰੇ ਅਨੁਸ਼ਾਸਨ ਵਜੋਂ ਨਹੀਂ।

ਤੁਲਨਾਤਮਿਕ ਸਾਹਿਤ, ਤੁਲਨਾਤਮਿਕ ਆਲੋਚਨਾ ਅਤੇ ਤੁਨਾਤਮਿਕ ਸਾਹਿਤਕ ਵਿਸ਼ਲੇਸ਼ਣ, ਤੁਲਨਾਤਮਿਕ ਅਧਿਐਨ ਦੀਆਂ ਦੀ ਸ਼ਾਖਾਵਾਂ ਹਨ। ਇਨ੍ਹਾਂ ਸ਼ਾਖਾਵਾਂ ਵਿੱਚ ਨਿਹਿਤ ਅੰਤਰ-ਦ੍ਰਿਸ਼ਟੀਆਂ ਦੇ ਅੰਤਰ-ਸੰਵਾਦ ਵਿਚੋਂ ਹੀ ਸਾਹਿਤ ਦੀ 'ਤੁਲਨਾਤਮਿਕ ਅਧਿਐਨ ਵਿਧੀ' ਦਾ ਸਰੂਪ ਨਿਸ਼ਚਿਤ ਕੀਤਾ ਜਾ ਸਕਦਾ ਹੈ ਅਤੇ ਸਾਹਿਤਕ ਰਚਨਾਵਾਂ/ਲੇਖਕਾਂ ਦੇ ਤੁਲਨਾਤਮਿਕ ਅਧਿਐਨ ਲਈ ਇਸ ਵਿਧੀ ਦੀ ਸਮਰੱਥਾ ਤੋਂ ਵੀ ਜਾਣੂ ਹੋ ਸਕਦੇ ਹਾਂ। ਇਸ ਵਿਧੀ ਦੇ ਅੰਤਰਗਤ ਹੀ 'ਤੁਲਨਾਤਮਿਕ ਅਧਿਐਨ ਕਰਤਾ ਨੂੰ ਵਿਸ਼ਾ ਨਿਰਧਾਰਤ ਕਰਨ, ਸੀਮਾ ਨਿਸ਼ਚਿਤ ਕਰਨ, ਸਮੱਗਰੀ ਇਕੱਤਰ ਕਰਨ, ਸਮੱਗਰੀ ਨੂੰ ਪਰਖਣ, ਤਿਆਗਣ ਅਤੇ ਗ੍ਰਹਿਣ ਕਰਨ, ਵਰਗੀਕਰਨ ਅਤੇ ਵਿਸ਼ਲੇਸ਼ਣ ਕਰਨ ਅਤੇ ਸਿੱਟਾ ਨਿਰਧਾਰਿਤ ਕਰਨ ਵੇਲੇ ਬਹੁਤ ਧਿਆਨ ਰੱਖਣਾ ਪੈਂਦਾ ਹੈ।'[25] ਅਧਿਐਨ ਕਰਤਾ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਅਧਿਐਨ ਅਧੀਨ ਰਚਨਾਵਾਂ ਜਾਂ ਸਾਹਿਤਕਾਰਾਂ ਦੀਆਂ ਕਿਹੜੀਆਂ ਗੌਣ ਹਨ। ਉਸ ਲਈ ਇਹ ਜਾਣਨਾ ਵੀ ਜ਼ਰੂਰੀ ਹੋਵੇਗਾ ਕਿ ਕਿਸ ਪੱਖ ਜਾਂ ਨੁਕਤੇ ਦੀ ਤੁਲਨਾ ਕਰਨੀ ਹੈ ਤੇ ਕਿਸ ਦਾ ਵਿਸ਼ਲੇਸ਼ਣ। ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਤੁਲਨਾਤਮਿਕ ਅਧਿਐਲ ਕਰਤਾ ਉਹਨਾਂ ਸਾਹਿਤਕ ਪਾਠਾਂ/ਲੇਖਕਾਂ ਨੂੰ ਹੀ ਅਧਿਐਨ ਕਾਰ ਲਈ ਚੁਣੇ, ਜਿਨ੍ਹਾਂ ਵਿੱਚ ਸਮਾਨਤਾਵਾਂ ਜ਼ਿਆਦ ਹੋਣ 'ਤੇ ਅਸਮਾਨਤਾਵਾਂ ਘੱਟ ਹੋਣ। 'ਤੁਲਨਾ' ਸਾਹਿਤਕ ਪਾਠਾਂ/ਲੇਖਕਾਂ ਵਿੱਚ ਸਮਾਨਤਾਵਾਂ ਦੀ ਤਲਾਸ਼ ਕਰਦੀ ਹੈ ਅਤੇ 'ਟਾਕਰਾ' ਉਨ੍ਹਾਂ ਵਿਚਲੀਆਂ ਅਸਮਾਨਤਾਵਾਂ ਨੂੰ ਵਧੇਰੀ ਸ਼ਿੱਦਤ ਨਾਲ ਸਾਹਮਣੇ ਲੈ ਕੇ ਆਉਂਦਾ ਹੈ। ਇਨ੍ਹਾਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਰਜਿਸਟਰ ਕਰਨਾ ਅਤੇ ਇਨ੍ਹਾਂ ਦੀ ਪਿੱਠ ਭੂਮੀ ਵਿੱਚ ਪਏ ਕਾਰਨਾਂ/ਪਰੇਰਕਾਂ ਨੂੰ ਖੋਜਣਾ ਹੀ ਤੁਲਨਾਤਮਿਕ ਅਧਿਐਨ ਵਿਧੀ ਦਾ ਮੁੱਖ ਪ੍ਰਯੋਜਨ ਹੁੰਦਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੀ 'ਤੁਲਨਾਤਮਿਕ ਅਧਿਐਨ ਵਿਧੀ' ਸਾਹਿਤ ਦੇ ਪ੍ਰਭਾਵਸ਼ਾਲੀ ਅਧਿਐਨ ਮਾਡਲ ਦਾ ਰੂਪ ਅਖ਼ਤਿਆਰ ਕਰ ਰਹੀ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪੰਜਾਬੀ ਵਿੱਚ ਤੁਲਨਾਤਮਕ ਅਧਿਐਨ ਵਾਸਤੇ ਅਸੀਂ ਅਜੇ ਤੱਕ ਪੱਛਮੀ ਮਾਡਲ ਹੀ ਅੱਖਾਂ ਮੀਟ ਕੇ ਵਰਤੇ ਹਨ। -ਪੱਛਮੀ ਮਾਡਲਾਂ ਦਾ ਲਾਭ ਤਾਂ ਇੰਨਾ ਕੁ ਹੀ ਹੋ ਸਕਦਾ ਹੈ ਕਿ ਉਨਾਂ ਆਸਰੇ ਅਸੀਂ ਪੱਛਮੀ ਚੇਤਨਾ ਅਤੇ ਉਸਦੇ ਦੇ ਸਾਹਿਤ ਨੂੰ ਸਮਝ ਕੇ ਉਸ ਦਾ ਪੰਜਾਬੀ ਨਾਲ ਸੰਬੰਧ ਜੋੜ ਸਕੀਏ।'[26] ਇਸ ਲਈ ਲੋੜ ਹੈ ਕਿ ਭਾਰਤੀ/ਪੰਜਾਬੀ ਸਾਹਿਤਕ ਖੇਤਰ ਵਿੱਚ ਸਾਹਿਤਕ ਰਚਨਾਵਾਂ/ਲੇਖਕਾਂ ਦੇ ਤੁਲਨਾਤਮਿਕ ਅਧਿਐਨ ਲਈ ਪੱਛਮੀ ਮਾਡਲ ਦੇ ਪਿਛਲਗ ਨਾ ਬਣੀਏ ਸਗੋਂ ਭਾਰਤੀ/ਪੰਜਾਬੀ ਸਾਹਿਤ ਦੀ ਆਪਣੀ ਰੂਹ ਦੇ ਹਾਣ ਦਾ ਮਾਡਲ ਤਿਆਰ ਕਰੀਏ। ਇਹ ਸਾਹਿਤ ਅਧਿਐਨ ਮਾਡਲ 'ਤੁਲਨਾਤਮਿਕ ਅਧਿਐਨ' ਦੀ ਨਵੀਂ ਦ੍ਰਿਸ਼ਟੀ ਨੂੰ ਜਨਮ ਦੇਵੇਗਾ। ਸੰਭਵ ਹੈ ਕਿ ਸਾਹਿਤ ਦੇ ਤੁਲਨਾਤਮਿਕ ਅਧਿਐਨ ਲਈ ਇਹ ਵਿਸ਼ਵ ਦਾ ਚੌਥਾ ਭਾਰਤੀ ਅਧਿਐਨ ਸਕੂਲ ਹੋਵੇਗਾ।'[27] ਇਸ ਸਥਿਤੀ ਵਿੱਚ ਇਸ ਸੰਭਾਵਿਤ ਅਧਿਐਨ ਸਕੂਲ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਭਾਰਤੀ ਭਾਸ਼ਾਵਾਂ ਦੀਆਂ ਸਾਹਿਤਕ ਰਚਨਾਵਾਂ/ਲੇਖਕਾਂ ਦਾ ਤੁਲਨਾਤਮਿਕ ਅਧਿਐਨ ਮਹੱਤਵਪੂਰਨ ਸਿੱਟੇ ਪ੍ਰਦਾਨ ਕਰਨ ਦੇ ਸਮਰੱਥ ਹੋਵੇਗਾ। ਇਹ ਸਿੱਟੇ ਪ੍ਰਭਾਵਸ਼ਾਲੀ ਤੇ ਚਿਰਸਥਾਈ ਹੀ ਨਹੀਂ ਹੋਣਗੇ ਸਗੋਂ ਸਾਹਿਤ ਦੇ ਆਉਣ ਵਾਲੇ ਵਿਦਿਆਰਥੀਆਂ ਲਈ ਰਾਹ ਦਸੇਰੇ ਵੀ ਬਣ ਸਕਣਗੇ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਿਭਜਨ ਸਿੰਘ, 'ਇਕਹਿਰੀ ਸਾਹਿਤ ਯੋਗਤਾ ਤੇ ਤੁਲਨਾਤਮਕ ਸਾਹਿਤ', ਡਾ. ਸਤਿੰਦਰ ਸਿੰਘ (ਸੰਪਾ.), ਤੁਲਨਾਤਮਕ ਭਾਰਤੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 170.
2. ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1967, ਪੰਨਾ 268.
3. इन्द्रनाथ चौधरी, तुलनात्मक साहित्य की भूमिका, नेशनल पब्लिशिंग हाऊस, नई दिल्ली, 1983 पं. 04.
4. ਡਾ. ਹਰਚੰਦ ਸਿੰਘ ਬੇਦੀ, ਸਮੀਖਿਆ ਸਭਿਆਚਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨੇ 09-10.
5. ਡਾ. ਬਲਜੀਤ ਸਿੰਘ, ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ : ਤੁਲਨਾਤਮਕ ਸਮੀਖਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 16.
6. डा. विनय कुमार पाठक, डा जयश्री शुक्ल, अनुसंधान प्रविधि और प्रकिर्या, भावना प्रकाशन, दिल्ली, 2005 पं. 18.
7. ਅੰਗਰੇਜ਼ੀ-ਪਜੰਾਬੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 139.
8. ਉਹੀ, ਪੰਨਾ 663.
9. ਡਾ. ਹਰਚੰਦ ਸਿੰਘ ਬੇਦੀ, ਸਮੀਖਿਆ ਸਭਿਆਚਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨੇ 09, 10.
10. R.K. Dhawan, 'The Case for Comparative Literature, R.K. Dhawan (Ed.), Comparative Literature, Bahri Publications, New Delhi, 1991, p.09.
11. ਡਾ. ਹਰਚੰਦ ਸਿੰਘ ਬੇਦੀ, ਸਮੀਖਿਆ ਸਭਿਆਚਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨੇ 09, 10.
12. ਉਹੀ, ਪੰਨਾ 11.
13. इन्द्रनाथ चौधरी, तुलनात्मक साहित्य की भूमिका', नेशनल पब्लिशिंग हाऊस, नई दिल्ली, 1983 पं. 04-05.
14. वही, पं. 05.
15. डॉ. भ.ह राजूकर, 'तुलनात्मक अध्ययन बनाम तुलनात्मक साहित्य', डॉ. भ.ह राजुकर' डॉ. राजमल बोरा (सं.)तुलनात्मक अध्ययन: सवरूप और सम्स्याए, बाणी परकाशन, नई दिल्ली, 2004 पं. 10.
16. डॉ. नगेंदर (सं.), तुलनात्मक साहित्य, नेशनल पब्लिशिंग हाऊस, नई दिल्ली 1985, पं. 04-05.
17. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ : ਸਿਧਾਂਤ ਤੇ ਵਿਹਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 01.
18. ਡਾ. ਸਤਿੰਦਰ ਸਿੰਘ, 'ਸੰਪਾਦਕੀ-ਤੁਲਨਾਤਮਕ ਅਧਿਐਨ', ਡਾ. ਸਤਿੰਦਰ ਸਿੰਘ (ਸੰਪਾ.), ਤੁਲਨਾਤਮਕ ਭਾਰਤੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 05.
19. ਡਾ. ਹਰਿਭਜਨ ਸਿੰਘ, 'ਇਕਹਿਰੀ ਸਾਹਿਤ ਯੋਗਤਾ ਤੇ ਤੁਲਨਾਤਮਕ ਸਾਹਿਤ', ਡਾ. ਸਤਿੰਦਰ ਸਿੰਘ (ਸੰਪਾ.), ਤੁਲਨਾਤਮਕ ਭਾਰਤੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 11.
20. ਉਧਰਿਤ, ਡਾ. ਹਰਚੰਦ ਸਿੰਘ ਬੇਦੀ, ਸਮੀਖਿਆ ਸਭਿਆਚਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨਾ 09.
21. डॉ. भ.ह राजूकर, तुलनात्मक अध्ययन बनाम तुलनात्मक साहित्य, डॉ. भ.ह राजूकर डॉ. राजमल बोरा (सं.) तुलनात्मक अध्ययन : सवरूप और सम्स्याए, बाणी परकाशन, नई दिल्ली, 2004 पं. 19.
22. ਡਾ. ਸਤਿੰਦਰ ਸਿੰਘ, 'ਸੰਪਾਦਕੀ-ਤੁਲਨਾਤਮਕ ਅਧਿਐਨ', ਡਾ. ਸਤਿੰਦਰ ਸਿੰਘ (ਸੰਪਾ.), ਤੁਲਨਾਤਮਕ ਭਾਰਤੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 13.
23. डॉ. पी. आदेशवर राव, तुलनात्मक अध्ययन व शोध का स्वरूप और उस की समस्यए, मितीहीन, पं. 26.
24. ਡਾ. ਸਤਿੰਦਰ ਸਿੰਘ, ਸੰਪਾਦਕੀ-ਤੁਲਨਾਤਮਕ ਅਧਿਐਨ, ਡਾ. ਸਤਿੰਦਰ ਸਿੰਘ (ਸੰਪਾ.), ਤੁਲਨਾਤਮਕ ਭਾਰਤੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 12-13.
25. ਡਾ. ਬਲਜੀਤ ਸਿੰਘ, ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ : ਤੁਲਨਾਤਮਕ ਸਮੀਖਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 23.
26. ਡਾ. ਕੁਲਦੀਪ ਸਿੰਘ ਧੀਰ, ਤੁਲਨਾਤਮਕ ਸਾਹਿਤ : ਸ਼ਾਸਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 56.
27. Amiya Dev, 'Towards Comparative Indian Litrature', Chandra Mohan (ed.), Aspects of Comparative Literature: Current Approaches, Indian Publishers, New Delhi, 1989, p.44.


ਮੋਬਾ. 9463835412